ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਲੇਖਾ ਸ਼ਾਖਾ)

ਸੇਵਾ ਵਿਖੇ,

ਸਮੂਹ ਕਾਰਜ ਸਾਧਕ ਅਫਸਰ,
ਨਗਰ ਪੰਚਾਇਤ (ਪੰਜਾਬ ਰਾਜ ਵਿੱਚ)

ਮੀਮੋ ਨੰ:ਲੇਖਾਕਾਰ-3-ਓਕਵਲ-ਡਸਸ-2014/38255-315
ਮਿਤੀ: 24/9/14

ਵਿਸ਼ਾ :- **Applicability of Employees Provident Funds and Miscellaneous Provisions Act, 1952 in Urban Local Bodies – reg. Government of India, Ministry of Labour and Employment, New Delhi notification dated 08.01.2011-ਨਗਰ ਪੰਚਾਇਤ, ਭੁੱਲਥ ਦੇ ਕੇਸ ਵਿੱਚ ਹੋਏ ਹੁਕਮਾਂ ਬਾਬਤ।**

**************

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

2. ਭਾਰਤ ਸਰਕਾਰ, ਲੇਬਰ ਅਤੇ ਇੰਪਲਾਇਮੈਂਟ ਮਨਿਸਟਰੀ, ਨਵੀਂ ਦਿੱਲੀ ਵੱਲੋਂ Employees Provident Funds and Miscellaneous Provisions Act, 1952 ਦੇ Section 1, Sub-section (3) ਦੇ clause (b) ਵਿੱਚ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠ ਅਨੁਸਾਰ ਉਪਬੰਧ ਕੀਤਾ ਹੈ :-

**"The following establishments employing twenty of more persons as the class of establishments to which the said Act shall apply, with effect from the date of publications of this Notification in the official Gazette namely;**

**"Municipal Councils and Municipal Corporations constituted under sub-clauses (b) and (c) of clause (1) of article 243Q of the Constitution of India"**

3. ਇਸ ਨੋਟੀਫਿਕੇਸ਼ਨ ਮਿਤੀ 8 ਜਨਵਰੀ, 2011 ਸਬੰਧੀ ਕਾਨੂੰਨੀ ਮਸੀਰ, ਪੰਜਾਬ ਵੱਲੋਂ ਦਿੱਤੀ ਗਈ ਅਗਵਾਈ ਅਨੁਸਾਰ ਵਿਭਾਗ ਵੱਲੋਂ ਇਸ ਐਕਟ ਦੀ ਪਾਲਣਾ ਕਰਨ ਲਈ ਸਮੂਹ ਨਗਰ ਕੌਸਲਾਂ/ਨਗਰ ਨਿਗਮਾਂ/ਨਗਰ ਪੰਚਾਇਤਾਂ ਨੂੰ ਸੂਚਿਤ ਕਰ ਦਿੱਤਾ ਗਿਆ ਸੀ। ਹੁਣ ਨਗਰ ਪੰਚਾਇਤ, ਭੁੱਲਥ ਦੇ ਕੇਸ ਵਿੱਚ ਇੰਪਲਾਈਜ ਪ੍ਰੋਵੀਡੈਂਟ ਫੰਡ ਸੰਗਠਨ ਦੇ ਸਬ ਰਿਜਨਲ ਦਫਤਰ, ਜਲੰਧਰ ਦੇ ਸਹਾਇਕ ਪ੍ਰੋਵੀਡੈਂਟ ਕਮਿਸ਼ਨਰ ਵੱਲੋਂ ਮਿਤੀ 20.05.14 ਨੂੰ ਪਾਸ ਕੀਤੇ ਗਏ ਆਰਡਰਾਂ (ਕਾਪੀ ਨੱਥੀ) ਅਨੁਸਾਰ ਉਕਤ ਐਕਟ ਦੀਆਂ ਧਾਰਾਵਾਂ ਨਗਰ ਪੰਚਾਇਤਾਂ ਤੇ ਲਾਗੂ ਨਹੀਂ ਹੁੰਦੀਆਂ ਹਨ। ਸਹਾਇਕ ਪ੍ਰੋਵੀਡੈਂਟ ਕਮਿਸ਼ਨ੍ਰ, ਸਬ-ਰਿਜਨਲ ਦਫਤਰ, ਜਲੰਧਰ ਵੱਲੋਂ ਆਪਣੇ ਹੁਕਮਾਂ ਵਿੱਚ ਸਪਸ਼ਟ ਕੀਤਾ ਗਿਆ ਹੈ ਕਿ ਭਾਰਤ ਸਰਕਾਰ, ਮਨਿਸਟਰੀ ਆਫ ਲੇਬਰ ਅਤੇ ਇੰਪਲਾਇਮੈਂਟ, ਨਵੀਂ ਦਿੱਲੀ ਵੱਲੋਂ ਮਿਤੀ 08.01.11 ਨੂੰ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਸਿਰਫ ਨਗਰ ਕੌਸਲਾਂ ਅਤੇ ਨਗਰ ਨਿਗਮਾਂ, ਜੋ ਕਿ ਭਾਰਤ ਦੇ ਸੰਵਿਧਾਨ ਦੇ ਆਰਟੀਕਲ 243 Q ਦੇ ਕਲਾਜ (1) ਦੇ ਸਬ ਕਲਾਜ (b) ਅਤੇ (c) ਅਧੀਨ ਗਠਿਤ ਕੀਤੀਆਂ ਗਈਆਂ ਹਨ, ਤੇ ਲਾਗੂ ਹੈ। ਇਥੇ ਉਲੇਖਯੋਗ ਹੈ ਕਿ ਨਗਰ ਪੰਚਾਇਤਾਂ ਦਾ ਗਠਨ ਭਾਰਤ ਦੇ ਸੰਵਿਧਾਨ ਦੇ ਆਰਟੀਕਲ 243 Q ਦੇ ਕਲਾਜ (1) ਦੇ ਸਬ ਕਲਾਜ (a) ਅਧੀਨ ਹੁੰਦਾ ਹੈ। ਇਸ ਲਈ ਭਾਰਤ ਸਰਕਾਰ, ਮਨਿਸਟਰੀ ਆਫ ਲੇਬਰ ਅਤੇ ਇੰਪਲਾਇਮੈਂਟ, ਨਵੀਂ ਦਿੱਲੀ ਵੱਲੋਂ ਮਿਤੀ 08.01.11 ਨੂੰ ਜਾਰੀ ਨੋਟੀਫਿਕੇਸ਼ਨ ਨਗਰ ਪੰਚਾਇਤਾਂ ਤੇ ਲਾਗੂ ਨਹੀਂ ਹੈ।

4. ਉਕਤ ਦੇ ਸਨਮੁੱਖ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਹਾਇਕ ਪ੍ਰੋਵੀਡੈਂਟ ਕਮਿਸ਼ਨਰ, ਸਬ-ਰਿਜਨਲ ਦਫਤਰ, ਜਲੰਧਰ ਵੱਲੋਂ ਮਿਤੀ 20.05.14 ਨੂੰ ਪਾਸ ਕੀਤੇ ਗਏ ਆਰਡਰਾਂ ਅਨੁਸਾਰ ਵਿਸ਼ੇ ਸਬੰਧੀ ਲੋੜੀਦੀ ਕਾਰਵਾਈ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

19/9

ਡਾਇਰੈਕਟਰ-ਕਮ-ਵਿਸ਼ੇਸ਼ ਸਕੱਤਰ।

ਨੱਥੀ: ਉਕਤ ਅਨੁਸਾਰ